ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ -6 ਸ਼ਾਖਾ)

ਸੇਵਾ ਵਿਖੇ

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਚੰਡੀਗੜ੍ਹ।
2. ਡਾਇਰੈਕਟਰ, ਸਿੱਖਿਆ ਵਿਭਾਗ, (ਸੈ:ਸਿੱ:), ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਸਿੱਖਿਆ ਵਿਭਾਗ (ਐ:ਸਿੱ:), ਪੰਜਾਬ, ਚੰਡੀਗੜ੍ਹ
4. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ, ਚੰਡੀਗੜ੍ਹ।
5. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਅਜੀਤਗੜ੍ਹ (ਮੋਹਾਲੀ)।

ਮੀਮੋ ਨੰ: 8/19/2005-1ਸਿ6/ਸਪੈਸ਼ਲ-I
ਮਿਤੀ, ਚੰਡੀਗੜ੍ਹ: 7, ਜਨਵਰੀ 2013

ਵਿਸ਼ਾ:- ਸਕੂਲਾਂ ਵਿੱਚ ਸਰਦੀਆਂ ਦੀਆਂ ਛੁੱਟੀਆਂ ਅਤੇ ਸਕੂਲਾਂ ਦਾ ਸਮਾਂ ਬਦਲਣ ਬਾਰੇ।

*****

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ 8/19/2005-1ਸਿ6/36-40 ਮਿਤੀ 3.1.2013 ਦੀ ਲਗਾਤਾਰਤਾ ਵਿੱਚ।

2. ਪੰਜਾਬ ਰਾਜ ਵਿੱਚ ਠੰਡ ਦੀ ਸਥਿਤੀ ਵਿੱਚ ਸੁਧਾਰ ਨਾ ਹੋਣ ਕਾਰਨ ਇਸ ਮਾਮਲੇ ਨੂੰ ਮੁੜ ਵਿਚਾਰਦੇ ਹੋਏ ਪੰਜਾਬ ਰਾਜ ਦੇ ਸਮੂਹ ਸਰਕਾਰੀ, ਪ੍ਰਾਈਵੇਟ ਏਡਿਡ ਅਤੇ ਮਾਨਤਾ ਪ੍ਰਾਪਤ ਸਕੂਲਾਂ ਵਿੱਚ ਪਹਿਲੀ ਕਲਾਸ ਤੋਂ ਪੰਜਵੀਂ ਕਲਾਸ ਤੱਕ ਦੇ ਬੱਚਿਆਂ ਦੀਆਂ ਛੁੱਟੀਆਂ ਵਿੱਚ ਮਿਤੀ 13.1.2013 ਤੱਕ ਦਾ ਵਾਧਾ ਕੀਤਾ ਜਾਂਦਾ ਹੈ। ਬਾਕੀ ਕਲਾਸਾਂ ਦੇ ਵਿਦਿਆਰਥੀਆਂ ਲਈ ਸਕੂਲਾਂ ਦਾ ਸਮਾਂ ਮਿਤੀ 13.1.2013 ਤੱਕ 10.00 ਵੱਜੇ ਸਵੇਰੇ ਹੀ ਰਹੇਗਾ। ਮਿਤੀ 14.1.2013 ਤੋਂ ਸਕੂਲ ਸਵੇਰੇ 9.00 ਵਜੇ ਲਗਣਗੇ।

3. ਪ੍ਰਾਈਮਰੀ ਸਕੂਲਾਂ ਦੇ ਅਧਿਆਪਕ ਅਤੇ ਨਾਨ ਟੀਚਿੰਗ ਸਟਾਫ ਨੂੰ ਵੀ ਮਿਤੀ 13.1.2013 ਛੁੱਟੀਆਂ ਘੋਸਿਤ ਕੀਤੀਆਂ ਜਾਂਦੀਆਂ ਹਨ।

ਸੁਪਰਡੰਟ

ਪਿ:ਅੰ:ਨੰ: 8/19/2005-1ਸਿ6/ਸਪੈਸ਼ਲ-I ਮਿਤੀ, ਚੰਡੀਗੜ੍ਹ: 7, ਜਨਵਰੀ 2013

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ, ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਛੁੱਟੀਆਂ ਸਬੰਧੀ ਪ੍ਰਕਾਸ਼ਨ, ਮੁੱਖ ਅਖਬਾਰਾਂ ਵਿੱਚ ਕਰਨ ਬਾਰੇ ਲੋੜੀਂਦੀ ਕਾਰਵਾਈ ਤੁਰੰਤ ਕੀਤੀ ਜਾਵੇ।

6458 08/01/13

ਸੁਪਰਡੰਟ